# ਭਾਰਤੀ ਰੇਲਵੇ ਬਾਰੇ ਜਾਣਕਾਰੀ ਲੈਣ ਲਈ ਦੇਖੋ ਸਾਇੰਸ ਸਿਟੀ ਦੀ ਰੇਲ ਗੈਲਰੀ


Puspha Gujral Science City

ਸੰਦੀਪ ਗੌਤਮ, ਤਕਨੀਕੀ ਸਹਾਇਕ



ਇਸ ਗੈਲਰੀ ਵਿਚ ਭਾਰਤ ਦੀਆਂ ਵੱਖ-ਵੱਖ ਰੇਲਵੇ ਲਾਈਨਾਂ ਦੇ ਜਾਲ ਤੇ ਇਸ ਦੇ ਬਾਰੇ ਮਾਡਲਾਂ ਦੇ ਰੂਪ ਵਿਚ ਬਹੁਤ ਹੀ ਚੰਗੀ ਤਰ੍ਹਾਂ ਸਮਝਾਇਆ ਗਿਆ ਹੈ। ਇੱਥੇ ਇਹ ਵੀ ਦਸਿਆ ਗਿਆ ਹੈ ਕਿ ਕਿਵੇਂ ਭਾਰਤ ਨੇ ਇਸ ਖੇਤਰ ਵਿਚ ਵਿਚ ਤਕਨੀਕੀ ਰੂਪ ਵਿਚ ਤਰੱਕੀ ਕੀਤੀ ਹੈ ਅਤੇ ਪ੍ਰਮੁੱਖ ਰੇਲਵੇ ਦੀਆਂ ਲਾਇਨਾਂ ਦੇ ਇੱਥੇ ਅਕਰਸ਼ਕ ਚਿੱਤਰ ਵੀ ਮੌਜੂਦ ਹਨ।

- ਭਾਰਤੀ ਰੇਲਵੇ:1,15,000 ਕਿ:ਮੀ ਦੇ ਟਰੈਕ ਤੇ 65,000 ਕਿ ਮੀ ਦੇ ਰੂਟ ਵਾਲਾ ਦੁਨੀਆਂ ਦਾ ਸਭ ਤੋਂ ਵੱਡਾ ਰੇਲ ਨੈਟਵਰਕ ਭਾਰਤ ਕੋਲ ਹੈ।
- ਇਸ ਦੇ ਟਰੈਕ ਦੀ ਪੂਰੀ ਲੰਬਾਈ ਭੂ-ਮੱਧ ਰੇਖਾ ਦੇ ਗੋਲਾਕਾਰ ਦਾ 1.5 ਗੁਣਾ ਹੈ।
- ਇਹ ਚੰਦਰਮਾ ਦੀ ਦੂਰੀ ਦਾ 3.5 ਗੁਣਾ ਸਫ਼ਰ ਰੋਜ਼ ਤੈਅ ਕਰਦੀ ਹੈ।
- ਭਾਰਤ ਵਿਚ 7500 ਰੇਲਵੇ ਸਟੇਸ਼ਨ ਹਨ।




**ਭਾਰਤ ਵਿਚ ਸਭ ਤੋਂ ਲੰਬਾ ਰੇਲ ਰੂਟ:** ਭਾਰਤੀ ਉਪ ਮਹਾਂਦੀਪ ਦਾ ਸਭ ਤੋਂ ਲੰਬਾ ਰੂਟ ਹੈ ਜੋ ਕਿ ਡਿਬਰੂਗੜ (ਅਸਮ), ਉਤਰ ਪੂਰਬੀ ਭਾਰਤ ਤੋਂ ਕੰਨਿਆਕੁਮਾਰੀ ਨੂੰ ਤਮਿਲਨਾਡੂ ਨੂੰ ਮਿਲਾਉਂਦਾ ਹੈ।ਇਸ ਰੂਟ ਉਪਰ **'ਕੰਨਿਆਕੁਮਾਰੀ ਵਿਵੇਕ ਐਕਸਪ੍ਰੈਸ'** (No. 15905/15906), ਜੋ ਕਿ ਹਫਤੇ 'ਚ ਇਕ ਵਾਰੀ ਹੀ ਚਲਦੀ ਹੈ।

# ਭਾਰਤੀ ਰੇਲਵੇ ਦੇ ਦਿਲਚਸਪ ਤੱਥ

- ਭਾਰਤੀ ਦੀ ਪਹਿਲੀ ਰੇਲ:

  ਰੈਡ ਹਿੱਲ ਰੇਲਵੇ: 1837 ਵਿਚ ਰੈਡ ਹਿਲ ਤੋਂ ਚਿਨਤਾਦਰੀਪੇਟ ਵਿਚ ਦੋੜੀ ਸੀ ਅਤੇ ਇਸ ਨੂੰ ਸ਼ੁਰੂ ਕਰਨ ਦਾ ਮਾਣ ਸ੍ਰੀ ਅਰਥੱਰ ਕਾਟਨ ਨੂੰ ਮਿਲਿਆ ਸੀ।

- ਮੁਸਾਫ਼ਿਰ ਗੱਡੀ ਲਈ ਭਾਰਤ ਦਾ ਪਹਿਲਾ ਰੇਲ ਟਰੈਕ:

  21 ਅਗਸਤ 1847 ਨੂੰ "ਦਿ ਗ੍ਰੇਟ ਇੰਡੀਅਨ ਪੈਨੁਸੂਲਾ ਰੇਲਵ" ਨੇ ਈਸਟ ਇੰਡੀਆ ਕੰਪਨੀ ਨਾਲ ਮਿਲ ਕੇ 56 ਕਿ:ਮੀ ਦੀ ਰੇਲਵੇ ਲਾਈਨ ਵਿਛਾਈ ਸੀ ਜਿਸ ਨੇ ਬੰਬੇ ਨੂੰ ਖਾਨਦੇਸ਼ ਅਤੇ ਬੇਰਾਰ ਨਾਲ ਜੋੜਿਆ।

- ਪਹਿਲਾ ਭਾਰਤੀ ਰੇਲਵੇ ਸਟੇਸ਼ਨ:

  ਬੋਰੀ ਬੰਦਰ ਜੋ ਕਿ ਮੁੰਬਈ ਵਿਚ ਹੈ। ਬਾਅਦ ਵਿਚ ਇਸਦਾ ਨਾਂ ਵਿਕਟੋਰੀਆ ਟਰਮੀਨਸ ਪੈ ਗਿਆ।

- ਭਾਰਤ ਦੀ ਪਹਿਲੀ ਮੁਸਾਫ਼ਿਰ ਰੇਲ:

  ਇਹ ਰੇਲ 166 ਸਾਲ ਪਹਿਲਾਂ, 16 ਅਪ੍ਰੈਲ 1853 ਨੂੰ ਸ਼ੁਰੂ ਹੋਈ ਸੀ, ਜਿਸ ਵਿਚ 400 ਮੁਸਾਫ਼ਿਰ ਸਨ ਅਤੇ ਇਸ ਨੇ 33 ਕਿਮੀ ਦਾ ਸਫ਼ਰ ਮੁੰਬਈ ਤੋਂ ਥਾਨੇ ਤੱਕ ਤੈਅ ਕੀਤਾ ਸੀ।

# ਭਾਰਤੀ ਰੇਲਵੇ ਦੇ ਦਿਲਚਸਪ ਤੱਥ

- **ਭਾਰਤ ਦੀ ਸਭ ਤੋਂ ਤੇਜ ਰੇਲ:**
  ਇਹ ਰੇਲ ਭਾਵ "ਨਵੀਂ ਦਿੱਲੀ –ਭੋਪਾਲ ਸ਼ਤਾਬਦੀ" ਜੋ ਕਿ 150 ਕਿ :ਮੀ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਦੌੜਦੀ ਹੈ।
- **ਭਾਰਤ ਦੀ ਸਭ ਤੋਂ ਹੋਲੀ ਚਲਣ ਵਾਲੀ ਰੇਲ:**
  "ਮੇਟੂਪਲਯਮ ਓ ਈ ਨੀਲਗਿਰੀ ਯਾਤਰੂ ਰੇਲ" ਜੋ ਕਿ 10 ਕਿ:ਮੀ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਚਲਦੀ ਹੈ।
- **ਭਾਰਤ ਦਾ ਸਭ ਤੋ ਲੰਬਾ ਰੇਲਵੇ ਪਲੇਟਫਾਰਮ:**
  "ਗੋਰਖਪੂਰ ਰੇਲਵੇ ਸਟੇਸ਼ਨ" ਜੋ ਕਿ ਯੂ.ਪੀ. ਵਿਚ ਹੈ ਅਤੇ ਦੁਨੀਆਂ ਦਾ ਸਭ ਤੋ ਲੰਬਾ ਪਲੇਟਫਾਰਮ ਹੈ। ਇਸ ਦੀ ਲੰਬਾਈ 4483 ਫੁੱਟ ਹੈ।
- **ਭਾਰਤ ਦਾ ਸਭ ਤੋ ਲੰਬੇ ਨਾਂ ਵਾਲਾ ਰੇਲਵੇ ਸਟੇਸ਼ਨ:**
  'Sri Venkatanarasimharajuvariipeta' ਜਿਸ ਵਿਚ 32 ਅੱਖਰ ਹਨ। ਇਹ ਆਂਧਰਾ ਪ੍ਰਦੇਸ਼ ਵਿਖੇ ਸਥਿਤ ਹੈ।
- **ਭਾਰਤ ਦਾ ਸਭ ਤੋ ਛੋਟੇ ਨਾਂ ਵਾਲਾ ਰੇਲਵੇ ਸਟੇਸ਼ਨ:**
  'Ib' ਰੇਲਵੇ ਸਟੇਸ਼ਨ ਜ' ਕਿ ਉੜੀਸਾ ਵਿਚ ਹੈ।
- ਨਵੀਂ ਦਿੱਲੀ ਰੇਲਵੇ ਸਟੇਸ਼ਨ ਦੁਨੀਆਂ ਦੇ ਸਭ **ਤੋਂ** ਵੱਧ ਰੂਟਾਂ ਨੂੰ ਜੋੜਨ ਵਾਲਾ ਸਿਸਟਮ ਰੱਖਦਾ ਹੈ ਅਤੇ ਇਸ ਕਰਕੇ ਇਸ ਦਾ "ਗਿਨੀਜ਼ ਬੁਕ ਆਫ ਰਿਕਾਰਡਜ" ਵਿਚ ਦਰਜ ਹੈ।
- **ਭਾਰਤ ਦੀ ਪਹਿਲੀ ਇਲੈਕਟ੍ਰਿਕ ਰੇਲ:**
  ਇਹ ਪਹਿਲੀ ਵਾਰ 3 ਫਰਵਰੀ 1925 ਨੂੰ ਬੰਬੇ ਵਿਕਟੋਰੀਆ ਟਰਮਿਨਸ **ਤੋਂ** ਕੁਰਲਾ ਹਾਰਬਰ ਵਿਚ ਦੌੜੀ ਸੀ।
- **ਭਾਰਤ ਦੀ ਪਹਿਲੀ ਬੁਲਿਟ ਰੇਲ:**
  ਰਾਸ਼ਟਰੀ ਤੇਜ਼ ਰਫ਼ਤਾਰ ਰੇਲ ਕਾਰਪੋਰੇਸ਼ਨ ਇਹ ਉਮੀਦ ਕੀਤੀ ਗਈ ਹੈ ਕਿ ਪਹਿਲੀ ਬੁਲਿਟ ਟ੍ਰੇਨ 2022 ਵਿਚ ਆ ਜਾਵੇਗੀ ਜੋ ਕਿ ਮੁੰਬਈ **ਤੋਂ** ਅਹਿਮਦਾਬਾਦ ਦੇ ਵਿਚਕਾਰ ਦੌੜੇਗੀ ।




# ਭਾਰਤੀ ਰੇਲਵੇ ਦੇ ਦਿਲਚਸਪ ਤੱਥ

- ਭਾਰਤ ਵਿਚ 8 ਰੇਲਵੇ ਮਿਊਜ਼ੀਅਮ ਹਨ, ਜੋ ਕਿ ਦਿੱਲੀ, ਪੂਨੇ, ਕਾਨ੍ਹਪੁਰ, ਮੈਸੂਰ, ਕੋਲਕਤਾ, ਚੇਨਈ, ਘੁਮ ਅਤੇ ਤ੍ਰਿਚੁਰਾਪਲੀ ਵਿਖੇ ਸਥਿਤ ਹਨ।
- ਦਿੱਲੀ ਰੇਲ ਮਿਊਜ਼ੀਅਮ ਏਸ਼ੀਆ ਦਾ ਸਭ ਤੋਂ ਵੱਡਾ ਰੇਲ ਮਿਊਜ਼ੀਅਮ ਹੈ।
- ਫੈਰੀ ਕਵੀਨ ਦਿੱਲੀ ਮਿਊਜ਼ੀਅਮ ਵਿਚ ਦਰਸ਼ਕਾਂ ਲਈ ਮੁੱਖ ਖਿੱਚ ਦਾ ਕੇਂਦਰ ਹੈ ਜੋ ਕਿ ਦੁਨੀਆਂ ਦੀ ਪੁਰਾਣੀ ਕੋਲੇ ਨਾਲ ਚਲਣ ਵਾਲੀ ਰੇਲ ਹੈ।

**ਭੋਲੂ, ਗਾਰਡ ਹਾਥੀ**

ਭਾਰਤੀ ਰੇਲਵੇ ਦੀ 150 ਵਰ੍ਹੇਗੰਢ ’ਤੇ 2002 ਵਿਚ ਡਿਜ਼ਾਇਨ ਕੀਤਾ ਗਿਆ ਸੀ। ਇਸ ਨੂੰ ਭਾਰਤ ਦਾ ਮਾਸਕਟ ਕਹਿੰਦੇ ਹਨ।




# ਭਾਰਤੀ ਰੇਲਵੇ ਦੇ ਦਿਲਚਸਪ ਤੱਥ

- ਭਾਰਤੀ ਰੇਲਵੇ ਨੇ ਭਾਰਤ ਸਰਕਾਰ ਦੇ ਵਿਗਿਆਨ ਤੇ ਤਕਨਾਲੌਜੀ ਵਿਭਾਗ ਨਾਲ ਮਿਲ ਕੇ ਬੱਚਿਆਂ ਅਤੇ ਆਮ ਲੋਕਾਂ ਲਈ ਇਕ ਚਲਦੀ-ਫਿਰਦੀ ਵਿਗਿਆਨ ਪ੍ਰਦਰਸ਼ਨੀਆਂ ਲਈ ਸਾਇੰਸ ਐਕਸਪ੍ਰੈਸ ਰੇਲ ਬਣਾਈ, ਜੋ ਕਿ ਭਾਰਤ ਵਿਚ ਵੱਖ-ਵੱਖ ਥਾਵਾਂ ’ਤੇ ਜਾ ਕੇ “Micro & Macro Cosmos, Biodiversity ਅਤੇ Climate Change” ਬਾਰੇ ਜਨ-ਸਧਾਰਣ ਨੂੰ ਜਾਣੂ ਕਰਵਾਉਂਦੀ ਹੈ।
- ਏਡਜ਼ ਬਾਰੇ ਜਾਣਕਾਰੀ ਲਈ ਇਕ ਹੋਰ ਰੇਲ ਜਿਸ ਨੂੰ ‘ਰੈਡ ਰਿਬਨ ਐਕਸਪ੍ਰੈਸ’ ਕਿਹਾ ਜਾਂਦਾ ਹੈ, ਦੀ ਸ਼ੁਰੂਆਤ 01.12.2007 ਨੂੰ ਵਿਸ਼ਵ ਏਡਜ਼ ਦਿਵਸ ਦੇ ਮੌਕੇ ’ਤੇ ਕੀਤੀ ਗਈ ਸੀ।










# ਭਾਰਤੀ ਟਰੈਕਾਂ ਦੀ ਚੌੜਾਈ

ਭਾਰਤੀ ਰੇਲਵੇ ਕੋਲ ਇਸ ਵੇਲੇ ਚਾਰ ਵੱਖ– ਵੱਖ ਤਰ੍ਹਾਂ ਦੀ ਗੇਜ ਹਨ:

❑ਦੋ ਤੰਗ ਗੇਜ

- 2 ft 6 in (762 mm)
- 2 ft (610 mm).




❑**ਮੀਟਰ ਗੇਜ:**

1,000 mm (3 ft 3 3/8 in)

❑**ਬਰੋਡ ਗੇਜ :**

1,676 mm (5 ft 6 in)

# ਰੇਲਵੇ ਨੂੰ ਚਲਾਉਣ ਵਾਲੇ ਵਿਸ਼ੇਸ਼ ਵਿਅਕਤੀ



# ਸਟੇਸ਼ਨ ਮਾਸਟਰ

ਕਿਸੇ ਵੀ ਰੇਲਵੇ ਸਟੇਸ਼ਨ ਦੇ ਮੁਖੀ ਨੂੰ "ਸਟੇਸ਼ਨ ਮਾਸਟਰ" ਕਿਹਾ ਜਾਂਦਾ ਹੈ।ਇਸ ਇਤਿਹਾਸਕ ਸ਼ਬਦ ਦੀ ਸ਼ੁਰੂਆਤ ਯੂਨਾਈਟਿਡ ਕਿੰਗਡਮ ਨੇ ਕੀਤੀ ਸੀ ਪਰ ਅੱਜਕਲ ਸਟੇਸ਼ਨ ਮਾਸਟਰ ਨੂੰ ਸਟੇਸ਼ਨ ਮੈਨੇਜਰ ਕਹਿੰਦੇ ਹਨ ਜੋ ਕਿ ਸਟੇਸ਼ਨ ਪ੍ਰਬੰਧ ਲਈ ਜ਼ਿੰਮੇਵਾਰ ਹੈ । ਮੁਸਾਫ਼ਿਰਾਂ ਦੀ ਸੁਰੱਖਿਆ ਤੇ ਸਟੇਸ਼ਨ ਦੇ ਅਹਾਤੇ ਵਿਚ ਯਾਤਰੀਆਂ ਲਈ ਸਾਰੀਆਂ ਮੁਢੱਲੀਆਂ ਸਹੂਲਤਾਂ ਦਾ ਯਕੀਨੀ ਬਣਾਉਣਾ ਇਸ ਦੀ ਹੀ ਜ਼ਿੰਮੇਵਾਰੀ ਹੈ।



# ਟ੍ਰੇਨ ਗਾਰਡ

ਕਿਸੇ ਵੀ ਰੇਲ ਦਾ ਸਮੇਂ ਸਿਰ ਚੱਲਣਾ ਜਾਂ ਨਾ ਚਲਣਾ ਅਤੇ ਗੱਡੀ ਦੇ ਡਰਾਈਵਰ ਨੂੰ ਸਮੇਂ- ਸਮੇਂ ’ਤੇ ਸਹੀ ਜਾਣਕਾਰੀ ਦੇਣਾ ਅਤੇ ਮੁਸਾਫ਼ਿਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਜਿੰਮੇਵਾਰੀ ਟ੍ਰੇਨ ਗਾਰਡ ਦੀ ਹੁੰਦੀ ਹੈ। ਗਾਰਡ ਹੀ ਟ੍ਰੇਨ ਦਾ ਮੁੱਖੀ ਹੁੰਦਾ ਹੈ।ਉਸ ਦੇ ਇਸ਼ਾਰੇ ਬਗੈਰ ਗੱਡੀ ਚਾਲਕ ਗੱਡੀ ਨਹੀਂ ਚਲਾ ਸਕਦਾ।



# ਟੋਕਨ ਸਿਸਟਮ ਅਤੇ ਟੋਕਨ ਮਾਸਟਰ

ਅੱਜ ਵੀ ਭਾਰਤ ਵਿਚ ਕਈ ਜਗ੍ਹਾ ’ਤੇ ਸਿੰਗਲ ਟਰੈਕ ਦੀ ਵਰਤੋਂ ਹੁੰਦੀ ਹੈ ਭਾਵ ਕਿ ਇਕ ਸਮੇਂ ਤੇ ਇਕੋ ਹੀ ਗੱਡੀ ਆਉਂਦੀ ਜਾਂ ਜਾਂਦੀ ਹੈ।ਇਹ ਟ੍ਰੇਨ ਸਿਰਫ਼ ਦੋ ਸਟੇਸ਼ਨਾਂ ਵਿਚਕਾਰ ਹੀ ਚਲ ਸਕਦੀ ਹੈ।

ਉਨਾਂ ਦੋ ਗੱਡੀਆਂ ਦੀ crossing ਉਸ ਸਟੇਸ਼ਨ ’ਤੇ ਹੀ ਹੋ ਸਕਦੀ ਹੈ ਜਿਥੇ ਡਬਲ ਟਰੈਕ ਦੀ ਵਿਵਸਥਾ ਹੋਵੇ।

ਸਿਗਨਲ ਦੇ ਮੁਤਾਬਕ ਪਹਿਲਾਂ ਇਕ ਗੱਡੀ ਪਲੇਟਫਾਰਮ ’ਤੇ ਆ ਜਾਂਦੀ ਹੈ ਅਤੇ ਆਪਣਾ ਟੋਕਨ ਲੈ ਲੈਂਦੀ ਹੈ ਅਤੇ ਫਿਰ ਦੂਜੀ ਗੱਡੀ ਆਪਣੇ ਸਿਗਨਲ ਮੁਤਾਬਕ ਦੂਜੇ ਟਰੈਕ ’ਤੇ ਆ ਜਾਂਦੀ ਹੈ ਅਤੇ ਆਪਣਾ ਟੋਕਨ ਪ੍ਰਾਪਤ ਕਰਦੀ ਹੈ। ਟੋਕਨ ਮਾਸਟਰ ਦੋਨੋ ਟੋਕਨ ਪ੍ਰਾਪਤ ਕਰਦਾ ਹੈ ਅਤੇ ਇਸ ਤਰ੍ਹਾਂ ਦੋਨੋ ਗੱਡੀਆਂ ਫਿਰ ਆਪੋ ਆਪਣੇ ਪਾਸੇ ਚਲੇ ਜਾਂਦੀਆਂ ਹਨ।ਇਸ ਟੋਕਨ ਸਿਸਟਮ ਦੇ ਨਾਲ ਕੋਈ ਵੀ ਡਰਾਈਵਰ ਭੁਲੇਖਾ ਨਹੀਂ ਖਾਂਦਾ ਕਿ ਉਸਨੇ ਗੱਡੀ ਕਿਸ ਟਰੈਕ ’ਤੇ ਗੱਡੀ ਰੋਕਣੀ ਹੈ ਅਤੇ ਇਸ ਤਰ੍ਹਾਂ ਗੱਡੀਆਂ ਦੀ ਟੱਕਰ ਨਹੀਂ ਹੋ ਸਕਦੀ ਅਤੇ ਯਾਤਰੀ ਵੀ ਸੁਰੱਖਿਅਤ ਰਹਿੰਦੇ ਹਨ।ਇਨ੍ਹਾਂ ਟਰੈਕਾਂ ਦੇ ਉਦਾਹਰਣ ਹਨ: ਜਲੰਧਰ – ਫਿਰੋਜਪੁਰ, ਜਲੰਧਰ – ਨਕੋਦਰ।

# ਭਾਰਤ ਦੀ ਸਭ ਤੋਂ ਤੇਜ ਰਫ਼ਤਾਰ ਵਾਲੀ “ਵੰਦੇ ਭਾਰਤ ਐਕਸਪ੍ਰੈਸ ਟ੍ਰੇਨ”




**ਇਹ** ਰੇਲ ਭਾਰਤ ਦੀ ਸਭ ਤੋਂ ਤੇਜ਼ ਰਫ਼ਤਾਰ ਵਾਲੀ ਰੇਲ ਹੈ ਜੋ ਕਿ **ਅਤਿ ਆਧੁਨਿਕ** ਹੈ ।ਇਹ ਟ੍ਰੇਨ 180 **ਕਿਲੋਮੀਟਰ ਪ੍ਰਤੀ ਘੰਟਾ ਦੇ** ਗਤੀ **ਨਾਲ** ਦੌੜਨ ਦੀ ਸਮਰੱਥ ਰੱਖਦੀ ਹੈ, **ਪਰ ਇਸ ਦੀ ਰਫਤਾਰ ਇਸ ਸਮੇਂ** 130 ਕਿਲੋਮੀਟਰ ਪ੍ਰਤੀ ਘੰਟਾ ਤੱਕ ਹੀ **ਸੀਮਤ** ਕੀਤੀ ਗਈ ਹੈ।
ਇਸ **ਰੇਲ ਦਾ** ਪਹਿਲਾ ਟ੍ਰਾਇਲ 29 ਅਕਤੂਬਰ 2018 **ਨੂੰ ਚੇਨਈ ਵਿਚ** ਕੀਤਾ ਗਿਆ ਸੀ ਅਤੇ ਇਸ ਦੇ ਕੰਮ ਕਰਨ, **ਬ੍ਰੇਕਾਂ** ਅਤੇ ਸਾਰੀਆਂ ਜ਼ਰੂਰੀ ਚੀਜਾਂ ਦੀ ਬੜੇ ਧਿਆਨ ਨਾਲ **ਜਾਂਚ ਕੀਤੀ** ਗਈ ਹੈ ।

# ਵਿਸ਼ਵ ਦੀਆਂ ਕੁਝ ਮਹੱਤਵਪੂਰਨ ਰੇਲਗੱਡੀਆਂ

- 20 ਵੀ ਸਦੀ ਲਿਮਟਿਡ, ਯੂਐਸਏ; ਨਿ ਯਾਰਕ ਤੋਂ ਸ਼ਿਕਾਗੋ
- ਟ੍ਰਾਂਸ-ਸਾਈਬੇਰੀਅਨ ਐਕਸਪ੍ਰੈਸ, ਰੂਸ: ਵਲਾਦੀਵੋਸਟੋਕ ਤੋਂ ਮਾਸਕੋ
- **ਓਰੀਐਂਟ ਐਕਸਪ੍ਰੈਸ, ਫਰਾਂਸ: ਪੈਰਿਸ ਅਤੇ ਇਸਤਾਂਬੁਲ (ਹੁਣ ਛੋਟਾ ਕੀਤਾ ਗਿਆ ਹੈ)**
- ਫਲਾਇੰਗ ਸਕੌਟਸਮੈਨ, ਗ੍ਰੇਟ ਬ੍ਰਿਟੇਨ: ਲੰਡਨ ਅਤੇ ਐਡਨਬਰਗ
- ਬਲੂ ਟਰੇਨ, ਸ. ਅਫਰੀਕਾ: ਕੇਪ ਟਾਉਨ ਤੋਂ ਪ੍ਰੇਟੋਰੀਆ
- ਬfਲਟ ਟ੍ਰੇਨ, ਜਪਾਨ (ਸ਼ਿੰਕਨਸੇਨ ਵੀ ਜਾਣਿਆ ਜਾਂਦਾ ਹੈ); ਟੋਕਿਓ ਤੋਂ ਨਾਗੋਆ।
- ਟੀਜੀਵੀ (ਟ੍ਰੇਨ ਏ ਗ੍ਰੈਂਡੇ ਵੀਟਸ, translated to “high-speed train”), ਪੈਰਿਸ ਤੋਂ ਬਹੁਤ ਸਾਰੇ ਸ਼ਹਿਰ ।
- ਯੂਰੋਸਟਾਰ: ਲੰਡਨ ਤੋਂ ਪੈਰਿਸ (ਇੰਗਲਿਸ਼ ਚੈਨਲ ਦੇ ਜ਼ਰੀਏ 50.5 ਕਿਲੋਮੀਟਰ ਲੰਮੀ ਭੂਮੀਗਤ / ਪਾਣੀ ਦੀ ਸੁਰੰਗ ਤੋਂ ਲੰਘ ਰਹੀ ਹੈ।
- ਮਹਾਰਾਜਾ ਐਕਸਪ੍ਰੈਸ ਅਤੇ ਪੈਲੇਸ ਆਨ ਵ੍ਹੀਲਜ਼, ਭਾਰਤ।

# ਭਾਰਤ ਦੀਆਂ ਲਗਜ਼ਰੀ ਰੇਲਾਂ









## ❑ਮਹਾਰਾਜਾ ਐਕਸਪ੍ਰੈਸ
## ❑ਪੈਲੇਸ ਆਨ ਵ੍ਹੀਲਜ਼

- ਇਹ ਭਾਰਤ ਅਤੇ ਏਸ਼ੀਆ ਦੀਆਂ ਸਭ ਤੋਂ
- ਆਲੀਸ਼ਾਨ ਅਤੇ ਮਹਿੰਗੀਆਂ ਟ੍ਰੇਨਾਂ ਹਨ।
- ਇਹ ਰੇਲਾਂ ਉੱਤਰੀ ਭਾਰਤ ਦੇ ਪ੍ਰਮੁੱਖ ਸੈਰ-ਸਪਾਟਾ ਸਥਾਨਾਂ ਦੀ ਯਾਤਰਾ ਕਰਨ ਲਈ ਵਰਤੀਆਂ ਜਾਂਦੀਆਂ ਹਨ।
- ਪ੍ਰਤੀ ਯਾਤਰੀ ਪ੍ਰਤੀ ਲਾਗਤ:
  - $ 1000 (Rs.70,000 approx.)for deluxe cabin.
  - $ 2,500 (Rs.1.75 lac approx.) for presidential suite

# ਸਾਇੰਸ ਸਿਟੀ ਵਿਚ ਰੇਲ ਦੇ ਮਾਡਲ ਦੀ ਪੇਸ਼ਕਾਰੀ

# ਜਾਪਾਨ ਬੁਲੇਟ ਰੇਲ

ਜਾਪਾਨ ਵਿਚ ਤੇਜ਼ ਰਫਤਾਰ ਰੇਲਵੇ ਲਾਈਨਾਂ ਦਾ ਜਾਲ ਵਿਛਿਆ ਹੋਇਆ ਹੈ, ਜਿਸ ’ਤੇ ਬੁਲਿਟ ਰੇਲਾਂ ਚਲਦੀਆਂ ਹਨ। ਜਾਪਾਨ ਵਿਚ ਇਸ ਨੂੰ ਸ਼ਿੰਕਨਸੇਨ ਕਹਿੰਦੇ ਹਨ। ਇਹ ਰੂਟ ਜਾਪਾਨੀ ਖੇਤਰਾਂ ਦੀ ਰਾਜਧਾਨੀ ਟੋਕਿਓ ਨਾਲ ਜੋੜਨ ਲਈ ਬਣਾਇਆ ਗਿਆ ਸੀ ਤਾਂ ਕਿ ਆਰਥਿਕ ਸੁਧਾਰ ਲਈ ਵਿਕਾਸ ਦੀ ਸਹਾਇਤਾ ਕੀਤੀ ਜਾ ਸਕੇ।





# ਸ਼ੰਘਾਈ ਮੈਗਲੇਵ

- ਇੱਕ ਚੁੰਬਕੀ ਲੇਵਿਟੇਸ਼ਨ ਰੇਲਗੱਡੀ (ਮੈਗਲੇਵ) ਲਾਈਨ ਜੋ ਸ਼ੰਘਾਈ ਵਿੱਚ ਚਲਦੀ ਹੈ।
- ਮੈਗਲੇਵ ਲਾਈਨ ਇਤਿਹਾਸ ਵਿਚ ਤੀਜੀ ਵਪਾਰਕ ਤੌਰ ਤੇ ਸੰਚਾਲਿਤ ਲਾਈਨ ਹੈ। ਇਸ ਤੋਂ ਪਹਿਲਾ ਬ੍ਰਿਟਿਸ਼ ਬਰਮਿੰਘਮ ਮੈਗਲੇਵ ਅਤੇ ਜਰਮਨ ਐਮ-ਬਹਿਨ ਲਾਈਨਾਂ ਸਨ।
- 431 ਕਿਮੀ ਪ੍ਰਤੀ ਘੰਟਾ (268 ਮੀਲ ਪ੍ਰਤੀ ਘੰਟਾ) ਦੀ ਗਤੀ ਦੇ ਨਾਲ ਪਹਿਲਾ ਵਪਾਰਕ ਹਾਈ ਸਪੀਡ ਮੈਗਲੇਵ।
- ਦੁਨੀਆ ਦੀ ਸਭ ਤੋਂ ਤੇਜ ਵਪਾਰਕ ਇਲੈਕਟ੍ਰਿਕ ਰੇਲ।
- ਇਸ ਦਾ ਸੰਚਾਲਨ ਸ਼ੰਘਾਈ ਮੈਗਲੇਵ ਟ੍ਰਾਂਸਪੋਰਟੇਸ਼ਨ ਡਿਵੈਲਪਮੈਂਟ ਕੰਪਨੀ, ਲਿਮਟਿਡ ਨੇ 31 ਦਸੰਬਰ, 2002 ਨੂੰ ਕੀਤਾ ਸੀ।



# ਕਾਲਕਾ-ਸ਼ਿਮਲਾ ਹੈਰੀਟੇਜ ਰੇਲ

- ਕਾਲਕਾ ਤੋਂ ਸ਼ਿਮਲਾ ਰੇਲਵੇ ਇਕ ਛੋਟੀ ਰੇਲ ਟ੍ਰੈਕ ਹੈ ਜੋ ਕਿ 2'6" (762 mm) ਹੈ ਅਤੇ ਇਸ ਦਾ ਬਹੁਤ ਸਾਰਾ ਰਸਤਾ ਪਹਾੜੀ ਹੈ।
- ਬ੍ਰਿਟਿਸ਼ ਰਾਜ ਦੇ ਸਮੇਂ ਭਾਰਤ ਦੀ ਗਰਮੀਆਂ ਦੀ ਰਾਜਧਾਨੀ ਸ਼ਿਮਲਾ ਨੂੰ ਬਾਕੀ ਭਾਰਤੀ ਰੇਲ ਪ੍ਰਣਾਲੀ ਨਾਲ ਜੋੜਨ ਲਈ 1898 ਅਤੇ 1903 ਦੇ ਵਿਚ ਹਰਬਰਟ ਸੇਪਟੀਮਸ ਹੈਰਿੰਗਟਨ ਦੇ ਨਿਰਦੇਸ਼ਨ ਅਧੀਨ ਬਣਾਇਆ ਗਿਆ ਸੀ।
- ਇਹ ਰੇਲ ਕਾਲਕਾ ਤੋਂ ਸ਼ਿਮਲਾ ਜਾਂਦੇ ਹੋਏ 102 ਗੁਫਾਵਾਂ (tunnels) ਵਿਚੋ ਗੁਜਰਦੀ ਹੈ।
- ਪਹਾੜੀਆਂ ਅਤੇ ਆਸ ਪਾਸ ਦੇ ਪਿੰਡਾਂ ਦੇ ਨਾਟਕੀ ਦ੍ਰਿਸ਼ ਇਸ ਨੂੰ ਮਨ ਮੋਹਕ ਬਣਾਉਂਦੇ ਹਨ।
- ਇਕ ਸਿੰਗਲ ਬੋਗੀ ਖਿਡੌਣਾ ਟ੍ਰੇਨ ਵੀ ਚਲਦੀ





# ਦਿੱਲੀ ਮੈਟਰੋ

- ਦਿੱਲੀ ਸ਼ਹਿਰ ਵਿਚ ਮੈਟਰੋ ਰੇਲ ਅਤੇ ਪ੍ਰਦੂਸ਼ਣ ਦਾ ਵਿਚਾਰ ਅਤੇ ਅਧਿਅਨ 1969 ਵਿਚ ਆਇਆ ਜੋ ਕਿ ਸ਼ਹਿਰ ਵਿਚੋ ਭੀੜ ਭਾੜ ਨੂੰ ਕਾਬੂ ਕਰਨ ਅਤੇ ਇਕ ਥਾਂ ਤੋ ਦੂਜੀ ਥਾਂ ਤੇ ਘੱਟ ਸਮੇ ਵਿਚ ਲਿਜਾਣ ਲਈ ਮਦਦਗਾਰ ਸਾਬਿਤ ਹੋਇਆ।
- 1984 ਵਿਚ, ਅਰਬਨ ਆਰਟਸ ਕਮਿਸ਼ਨ ਨੇ ਸ਼ਹਿਰ ਦੇ ਮੌਜੂਦਾ ਉਪਨਗਰ ਰੇਲਵੇ ਅਤੇ ਸੜਕੀ ਆਵਾਜਾਈ ਦੇ ਨੈਟਵਰਕ ਨੂੰ ਵਧਾਉਣ ਲਈ ਮਲਟੀ-ਮਾਡਲ ਟ੍ਰਾਂਸਪੋਰਟ ਪ੍ਰਣਾਲੀ ਦੀ ਤਜਵੀਜ਼ ਪੇਸ਼ ਕੀਤੀ।
- ਮੌਜੂਦਾ ਸਮੇਂ ਵਿੱਚ ਇਹ 12 ਮੌਜੂਦਾ ਅਤੇ ਪ੍ਰਸਤਾਵਿਤ ਰੂਟਾਂ ਵਾਲੇ ਰਾਸ਼ਟਰੀ ਰਾਜਧਾਨੀ ਖੇਤਰ ਵਿੱਚ ਜਨਤਕ ਆਵਾਜਾਈ ਦਾ ਸਭ ਤੋਂ ਪ੍ਰਸਿੱਧ ਸਾਧਨ ਹੈ।



# ਦਿੱਲੀ ਮੈਟਰੋ


Delhi Metro
Rapid Metro Gurgaon
Noida Metro
Northern Railway (IR)
Delhi Metro Rail Network
Red Line
Yellow Line
Blue Line
Green Line
Violet Line
Pink Line
Rapid Metro Gurgaon
Delhi Ring Railway
Indian Railways
Airport Express
Magenta Line
Noida Metro Aqua Line
Grey Line
Metrolite
Interchange Station
Airport Terminal
Railway Station
Interstate Bus Terminal
Walking Interchange
Panipat
Saharanpur
Rohtak
Meerut
Hapur
Aligarh
Mathura
Rewari
Gurugram
Faridabad
Samaypur Badli
Rithala
Bahadurgarh
Noida Electronic City
Dwarka Sector 21
HUDA City Centre
Escorts Mujesar
Kashmere Gate
Rajiv Chowk
New Delhi
Hazrat Nizamuddin
Anand Vihar
IGI Airport
Qutab Minar
Botanical Garden
Noida City Centre
Vaishali
Dilshad Garden
Kirti Nagar
Inder Lok
Janakpuri West
Hauz Khas
Kalkaji Mandir

# ਧੰਨਵਾਦ

ਪੁਸ਼ਪਾ ਗੁਜਰਾਲ ਸਾਇੰਸ ਸਿਟੀ, ਕਪੂਰਥਲਾ